# prhp ਨੂੰ ਹਾਊਸਿੰਗ ਸਕਾਟਲੈਂਡ ਐਕਟ 2006 (Housing Scotland Act 2006) ਦੇ ਸੈਕਸ਼ਨ 22(1) ਦੇ ਤਹਿਤ ਅਰਜ਼ੀ ਦੇਣ ਲਈ ਮਾਰਗਦਰਸ਼ਨ

**prhp** ਨੂੰ ਹਾਊਸਿੰਗ (ਸਕਾਟਲੈਂਡ) ਐਕਟ 2006 [Housing (Scotland) Act 2006] ਦੇ ਸੈਕਸ਼ਨ 22(1) ਤਹਿਤ ਇਹ ਨਿਰਣਾ ਕਰਨ ਲਈ **ਜ਼ਰੂਰੀ ਤੌਰ** 'ਤੇ ਲਿਖਤੀ ਰੂਪ ਵਿੱਚ ਅਰਜ਼ੀ ਦਿੱਤੀ ਜਾਣੀ ਚਾਹੀਦੀ ਹੈ ਕਿ ਕੀ ਤੁਹਾਡਾ ਮਕਾਨ-ਮਾਲਕ ਮੁਰੰਮਤ ਦੇ ਮਿਆਰ ਪੂਰੇ ਕਰਨ ਦਾ ਆਪਣਾ ਫ਼ਰਜ਼ ਨਿਭਾਉਣ ਵਿੱਚ ਨਾਕਾਮ ਰਿਹਾ ਹੈ। **prhp** ਅਰਜ਼ੀ ਫ਼ਾਰਮ (**prhp1**) ਵਿੱਚ ਦੱਸਿਆ ਗਿਆ ਹੈ ਕਿ ਤੁਹਾਡੇ ਲਈ ਕੀ ਜਾਣਕਾਰੀ ਮੁਹੱਈਆ ਕਰਨੀ ਜ਼ਰੂਰੀ ਹੈ। ਜੇ ਤੁਸੀਂ ਪ੍ਰਾਈਵੇਟ ਕਿਰਾਏ ਦੇ ਮਕਾਨਾਂ ਬਾਰੇ ਪੈਨਲ (ਅਰਜ਼ੀਆਂ ਅਤੇ ਨਿਰਣੇ) (ਸਕਾਟਲੈਂਡ) ਰੈਗੂਲੇਸ਼ਨਜ਼ 2007 [Private Rented Housing Panel (Applications and Determinations) (Scotland) Regulations 2007] ਦੇ ਪੈਰਾ 3 ਵਿੱਚ ਮੰਗੀ ਗਈ ਸਾਰੀ ਜਾਣਕਾਰੀ ਨਹੀਂ ਦਿੰਦੇ, ਤਾਂ ਅਸੀਂ ਤੁਹਾਡੀ ਅਰਜ਼ੀ ਦੀ ਪੁਣ-ਛਾਣ ਨਹੀਂ ਕਰ ਸਕਾਂਗੇ।

ਇਹ ਜ਼ਰੂਰੀ ਹੈ ਕਿ ਤੁਹਾਡੀ ਅਰਜ਼ੀ ਅੰਗਰੇਜ਼ੀ ਵਿੱਚ ਹੋਵੇ, ਜਾਂ ਇਸਦੇ ਨਾਲ ਤਸਦੀਕਸ਼ੁਦਾ ਅਨੁਵਾਦ ਹੋਣਾ ਚਾਹੀਦਾ ਹੈ।

ਫ਼ਾਰਮ ਕਾਲੀ ਸਿਆਹੀ ਨਾਲ ਅਤੇ ਵੱਡੇ ਅੱਖਰਾਂ ਵਿੱਚ ਭਰਨਾ ਚਾਹੀਦਾ ਹੈ, ਅਤੇ ਉਨ੍ਹਾਂ ਸਾਰੇ ਉਚਿਤ ਬਾਕਸਾਂ 'ਤੇ, ਜੋ ਲਾਗੂ ਹੁੰਦੇ ਹੋਣ, ਟਿੱਕ (✓) ਕੀਤਾ ਜਾਣਾ ਚਾਹੀਦਾ ਹੈ।

ਤੁਹਾਡੀ ਅਰਜ਼ੀ ਦੀ ਇੱਕ ਕਾਪੀ ਤੁਹਾਡੇ ਮਕਾਨ-ਮਾਲਕ ਨੂੰ ਭੇਜੀ ਜਾਵੇਗੀ।

## 1. ਕਿਰਾਏਦਾਰ ਦੇ ਵੇਰਵੇ

ਕਿਰਪਾ ਕਰਕੇ ਆਪਣਾ ਨਾਂਅ ਅਤੇ ਸੰਪਰਕ ਵੇਰਵੇ ਲਿਖੋ, ਜਿਵੇਂ ਕਿ ਇਸ ਸੈਕਸ਼ਨ ਵਿੱਚ ਬੇਨਤੀ ਕੀਤੀ ਗਈ ਹੈ।

ਤੁਹਾਨੂੰ ਟੈਲੀਫ਼ੋਨ ਨੰਬਰ ਜਾਂ ਈ-ਮੇਲ ਐਡਰੈੱਸ ਦੇਣ ਲਈ ਨਹੀਂ ਕਿਹਾ ਗਿਆ, ਪਰ ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਇਹ ਵੀ ਲਿਖ ਦਿਉ। ਇਹ ਜਾਣਕਾਰੀ ਪ੍ਰਾਪਤ ਹੋਣ ਨਾਲ ਅਸੀਂ ਲੋੜ ਪੈਣ 'ਤੇ ਤੁਹਾਡੇ ਨਾਲ ਥੋੜ੍ਹੇ ਸਮੇਂ ਦੇ ਨੋਟਿਸ 'ਤੇ ਸੰਪਰਕ ਕਰ ਸਕਦੇ ਹਾਂ।

## 2. ਇਸ ਅਰਜ਼ੀ ਦੇ ਸੰਬੰਧ ਵਿੱਚ ਤੁਹਾਡੀ ਮਦਦ ਕਰਨ ਵਾਲੇ ਤੁਹਾਡੇ ਨੁਮਾਇੰਦੇ ਦੇ ਵੇਰਵੇ

ਤੁਸੀਂ ਆਪਣੇ ਕੇਸ ਦੇ ਸੰਬੰਧ ਵਿੱਚ ਆਪ ਨਜਿੱਠ ਸਕਦੇ ਹੋ, ਜਾਂ ਕਿਸੇ ਹੋਰ ਨੂੰ ਆਪਣੀ ਨੁਮਾਇੰਦਗੀ ਕਰਨ ਲਈ ਕਹਿ ਸਕਦੇ ਹੋ। ਪਰ ਕਿਰਪਾ ਕਰਕੇ ਇਹ ਗੱਲ ਧਿਆਨ ਵਿੱਚ ਰਖੋ ਕਿ ਜੇ ਤੁਸੀਂ, ਆਪਣੀ ਨੁਮਾਇੰਦਗੀ ਕਰਨ ਵਾਲੇ ਵਿਅਕਤੀ ਨੂੰ ਕੋਈ ਅਦਾਇਗੀ ਕਰਦੇ ਹੋ ਤਾਂ ਤੁਸੀਂ ਇਹ ਰਕਮ ਕਲੇਮ ਨਹੀਂ ਕਰ ਸਕਦੇ, ਭਾਵੇਂ ਕਿ ਤੁਹਾਡੀ ਅਰਜ਼ੀ ਮਨਜ਼ੂਰ ਹੋ ਜਾਵੇ।

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਅਰਜ਼ੀ ਦੇ ਸੰਬੰਧ ਵਿੱਚ ਕੋਈ ਤੀਜੀ ਧਿਰ ਤੁਹਾਡੀ ਨੁਮਾਇੰਦਗੀ ਕਰੇ, ਤਾਂ ਕਿਰਪਾ ਕਰਕੇ ਨੁਮਾਇੰਦਗੀ ਕਰਨ ਵਾਲੇ ਵਿਅਕਤੀ ਦੇ ਪੂਰੇ ਵੇਰਵੇ ਦਿਉ।

**2.g** ਜੇ ਤੁਸੀਂ ਇਸ ਸਵਾਲ ਲਈ "ਹਾਂ" 'ਤੇ ਟਿੱਕ ਕਰਦੇ ਹੋ, ਤਾਂ ਭਵਿੱਖ ਵਿੱਚ ਸਾਰਾ ਚਿੱਠੀ ਪੱਤਰ ਤੁਹਾਡੀ ਥਾਂ ਤੁਹਾਡੇ ਵਲੋਂ ਦੱਸੇ ਗਏ ਨੁਮਾਇੰਦੇ ਨੂੰ ਭੇਜਿਆ ਜਾਵੇਗਾ। ਜੇ ਤੁਸੀਂ ਨਹੀਂ ਚਾਹੁੰਦੇ ਕਿ ਅਜਿਹਾ ਹੋਵੇ, ਤਾਂ ਤੁਹਾਨੂੰ "ਨਾ" 'ਤੇ ਟਿੱਕ ਕਰਨਾ ਚਾਹੀਦਾ ਹੈ।

ਜੇ ਕਿਸੇ ਵੇਲੇ ਤੁਸੀਂ ਨਹੀਂ ਚਾਹੁੰਦੇ ਕਿ ਕੋਈ ਹੋਰ ਤੁਹਾਡੀ ਨੁਮਾਇੰਦਗੀ ਕਰੇ, ਜਾਂ ਤੁਸੀਂ ਆਪਣਾ ਨੁਮਾਇੰਦਾ ਬਦਲ ਦਿੰਦੇ ਹੋ ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਫ਼ੌਰਨ ਸਾਨੂੰ ਲਿਖਤੀ ਰੂਪ ਵਿੱਚ ਸੂਚਿਤ ਕਰੋ ਅਤੇ ਨਵੇਂ ਨੁਮਾਇੰਦੇ ਦਾ ਨਾਂਅ ਅਤੇ ਪਤਾ ਦੱਸੋ। ਤੁਹਾਨੂੰ ਆਪਣੇ ਮਕਾਨ-ਮਾਲਕ ਨੂੰ ਵੀ ਸੂਚਿਤ ਕਰ ਦੇਣਾ ਚਾਹੀਦਾ ਹੈ। ਤੁਹਾਡੇ ਵਲੋਂ ਸੂਚਨਾ ਮਿਲਣ 'ਤੇ ਅਸੀਂ ਅਗੋਂ ਸਾਰੇ ਪੱਤਰ ਸਿੱਧਿਆਂ ਤੁਹਾਨੂੰ ਭੇਜਾਂਗੇ, ਜਾਂ ਜੇ ਤੁਸੀਂ ਕੋਈ ਨਵਾਂ ਨੁਮਾਇੰਦਾ ਨਾਮਜ਼ਦ ਕੀਤਾ ਹੈ, ਤਾਂ ਉਸ ਨੂੰ ਭੇਜਾਂਗੇ।

## 3. ਤੁਹਾਡੇ ਮਕਾਨ-ਮਾਲਕ ਦੇ ਵੇਰਵੇ

ਕਿਰਪਾ ਕਰਕੇ ਇਸ ਸੈਕਸ਼ਨ ਵਿੱਚ ਤੁਸੀਂ ਆਪਣੇ ਮਕਾਨ-ਮਾਲਕ ਬਾਰੇ ਜਿੰਨੀ ਵੀ ਜਾਣਕਾਰੀ ਦੇ ਸਕਦੇ ਹੋ, ਦਿਉ।

**3b.** ਜੇ ਤੁਹਾਨੂੰ ਆਪਣੇ ਮਕਾਨ-ਮਾਲਕ ਦਾ ਨਾਂਅ ਪਤਾ ਨਹੀਂ, ਕਿਉਂਕਿ ਤੁਸੀਂ ਇਹ ਮਕਾਨ ਕਿਸੇ ਏਜੰਸੀ ਜਾਂ ਕਿਸੇ ਹੋਰ ਤੀਜੀ ਧਿਰ ਦੁਆਰਾ ਕਿਰਾਏ 'ਤੇ ਲਿਆ ਸੀ, ਤਾਂ ਕਿਰਪਾ ਕਰਕੇ ਉਸ ਏਜੰਸੀ ਜਾਂ ਤੀਜੀ ਧਿਰ ਦਾ ਨਾਂਅ ਅਤੇ ਪਤਾ ਲਿਖੋ।

## 4. ਤੁਹਾਡੀ ਸ਼ਿਕਾਇਤ ਦੇ ਵੇਰਵੇ

**ਤੁਹਾਡੀ ਅਰਜ਼ੀ ਉਸ ਹਾਲਤ ਵਿੱਚ prhp ਵਲੋਂ ਸਵੀਕਾਰ ਨਹੀਂ ਕੀਤੀ ਜਾਵੇਗੀ, ਜੇਕਰ ਤੁਸੀਂ ਆਪਣੇ ਮਕਾਨ-ਮਾਲਕ ਨੂੰ ਸੂਚਿਤ ਨਹੀਂ ਕੀਤਾ ਕਿ ਉਹ ਕੰਮ ਜੋ ਕਿ ਅਰਜ਼ੀ ਵਿੱਚ ਦੱਸਿਆ ਗਿਆ ਹੈ, ਉਸਦੇ ਕੀਤੇ ਜਾਣ ਦੀ ਲੋੜ ਹੈ।** ਮਕਾਨ-ਮਾਲਕ ’ਤੇ ਮੁਰੰਮਤ ਦੇ ਮਿਆਰ ਦੀ ਪਾਲਨਾ ਕਰਨ ਦੀ ਜ਼ਿੰਮੇਵਾਰੀ ਕੇਵਲ ਉਸ ਹਾਲਤ ਵਿੱਚ ਲਾਗੂ ਹੁੰਦੀ ਹੈ, ਜਦ ਕਿ ਉਸਨੂੰ ਪਤਾ ਹੋਵੇ ਕਿ ਕੀ ਕੰਮ ਕੀਤੇ ਜਾਣ ਦੀ ਜ਼ਰੂਰਤ ਹੈ। **prhp** ਨੂੰ ਅਰਜ਼ੀ ਦੇਣ ਤੋਂ ਪਹਿਲਾਂ ਇਹ **ਜ਼ਰੂਰੀ** ਹੈ ਕਿ ਤੁਸੀਂ ਮਕਾਨ-ਮਾਲਕ ਨੂੰ ਉਹ ਕੰਮ ਕੀਤੇ ਜਾਣ ਦੀ ਲੋੜ ਤੋਂ ਸੂਚਿਤ ਕਰੋ, ਜਿਸਦਾ ਕਿ ਤੁਸੀਂ ਅਰਜ਼ੀ ਵਿੱਚ ਜ਼ਿਕਰ ਕੀਤਾ ਹੈ।

**4a.** ਕਿਰਪਾ ਕਰਕੇ ਆਪਣੀ ਲੀਜ਼, ਕਿਰਾਏਦਾਰੀ ਦੇ ਇਕਰਾਰਨਾਮੇ ਜਾਂ ਰੈਂਟ ਬੁੱਕ (ਕਿਰਾਏ ਦੀ ਕਾਪੀ) ਦੀ ਨਕਲ ਮੁਹੱਈਆ ਕਰੋ। ਅਸੀਂ ਇਹ ਦਸਤਾਵੇਜ਼ ਅੰਤਮ ਫ਼ੈਸਲਾ ਹੋਣ ਤਕ ਆਪਣੇ ਕੋਲ ਰੱਖਾਂਗੇ। ਤੁਹਾਡੇ ਕੇਸ ਦਾ ਨਿਪਟਾਰਾ ਹੋ ਜਾਣ ਤੋਂ ਬਾਅਦ ਅਸੀਂ ਇਹ ਤੁਹਾਨੂੰ ਵਾਪਸ ਕਰ ਦੇਵਾਂਗੇ। ਜੇ ਤੁਸੀਂ ਇਹ ਦਸਤਾਵੇਜ਼ ਮੁਹੱਈਆ ਨਹੀਂ ਕਰ ਸਕਦੇ, ਤਾਂ ਕਿਰਪਾ ਕਰਕੇ ਆਪਣੀ ਕਿਰਾਏਦਾਰੀ ਸੰਬੰਧੀ ਜਿੰਨੀ ਵੱਧ ਤੋਂ ਵੱਧ ਜਾਣਕਾਰੀ ਹੋ ਸਕੇ, ਇੱਕ ਵੱਖਰੇ ਕਾਗਜ਼ ’ਤੇ ਲਿੱਖ ਕੇ ਸਾਨੂੰ ਦਿਉ। ਕਿਰਪਾ ਕਰਕੇ ਇਸ ਕਾਗਜ਼ ਦੇ ਉੱਪਰ ਆਪਣਾ ਨਾਂਅ ਅਤੇ ਪਤਾ ਲਿਖੋ, ਤਾਂ ਜੋ ਸਪਸ਼ਟ ਰੂਪ ਵਿੱਚ ਪਤਾ ਲਗ ਸਕੇ ਕਿ ਇਹ ਤੁਹਾਡੀ ਅਰਜ਼ੀ ਦਾ ਹਿੱਸਾ ਹੈ।

**4b.** ਅਰਜ਼ੀ ਦੇਣ ਵੇਲੇ ਤੁਹਾਨੂੰ ਇਸ ਗੱਲ ਦਾ ਸਬੂਤ ਪੇਸ਼ ਕਰਨਾ ਚਾਹੀਦਾ ਹੈ ਕਿ ਤੁਸੀਂ ਆਪਣੇ ਮਕਾਨ-ਮਾਲਕ ਨੂੰ ਸੂਚਿਤ ਕੀਤਾ ਸੀ ਕਿ ਉਹ ਕੰਮ, ਜਿਸਦਾ ਕਿ ਅਰਜ਼ੀ ਵਿੱਚ ਜ਼ਿਕਰ ਹੈ, ਕੀਤੇ ਜਾਣ ਦੀ ਜ਼ਰੂਰਤ ਹੈ। ਮੁਰੰਮਤ ਦੇ ਮੁੱਦੇ ਬਾਰੇ ਤੁਹਾਡੇ ਅਤੇ ਮਕਾਨ-ਮਾਲਕ ਵਿੱਚਕਾਰ ਹੋਏ ਚਿੱਠੀ ਪੱਤਰ ਦੀ ਕਾਪੀ, ਸਬੂਤ ਹੋ ਸਕਦੀ ਹੈ। ਚੰਗਾ ਤਾਂ ਇਹ ਹੈ ਕਿ ਆਪਣੇ ਮਕਾਨ-ਮਾਲਕ ਨੂੰ ਲਿਖੇ ਪੱਤਰ ਦੀ ਇੱਕ ਕਾਪੀ ਆਪਣੇ ਕੋਲ ਰਖੋ ਅਤੇ ਇਹ ਪੱਤਰ **ਰਿਕਾਰਡਿਡ ਡਲਿਵਰੀ** ਪੋਸਟ ਰਾਹੀਂ ਭੇਜੋ। ਇਸ ਤਰ੍ਹਾਂ ਤੁਸੀਂ ਮਕਾਨ-ਮਾਲਕ ਨੂੰ ਭੇਜੇ ਨੋਟੀਫ਼ਿਕੇਸ਼ਨ ਦੇ ਸਬੂਤ ਵਜੋਂ ਆਪਣੇ ਪੱਤਰ ਦੀ ਕਾਪੀ ਅਤੇ ਰਿਕਾਰਡਿਡ ਡਲਿਵਰੀ ਦਾ ਸਰਟੀਫ਼ਿਕੇਟ ਪੇਸ਼ ਕਰ ਸਕਦੇ ਹੋ।

ਮਕਾਨ-ਮਾਲਕ ਨੂੰ ਆਪਣਾ ਫ਼ਰਜ਼ ਨਿਭਾਉਂਦਿਆਂ ਹੋਇਆਂ, ਲੋੜੀਂਦਾ ਕੰਮ ਇੱਕ ਵਾਜਬ ਸਮੇਂ ਦੇ ਅੰਦਰ ਅੰਦਰ ਕਰਨਾ ਚਾਹੀਦਾ ਹੈ। ਇਹ ‘ਵਾਜਬ ਸਮਾਂ’ ਕਿੰਨਾ ਹੋਣਾ ਚਾਹੀਦਾ ਹੈ, ਇਹ ਲੋੜੀਂਦੇ ਕੰਮ ਦੀ ਕਿਸਮ ’ਤੇ ਨਿਰਭਰ ਕਰਦਾ ਹੈ।

**4c.** ਕਿਰਪਾ ਕਰਕੇ ਉਸ ਬਾਕਸ ਜਾਂ ਉਨ੍ਹਾਂ ਬਾਕਸਾਂ ’ਤੇ ਟਿੱਕ ਕਰੋ, ਜਿਸ(ਜਿਨ੍ਹਾਂ) ਵਿੱਚ ਤੁਹਾਡੇ ਮੁਰੰਮਤ ਦੇ ਮੁੱਦੇ ਨੂੰ ਸਭ ਤੋਂ ਚੰਗੀ ਤਰ੍ਹਾਂ ਬਿਆਨ ਕੀਤਾ ਗਿਆ ਹੈ। ਤੁਸੀਂ, ਜਿੰਨੇ ਵੀ ਬਾਕਸ ਲਾਗੂ ਹੁੰਦੇ ਹੋਣ, ਉਨ੍ਹਾਂ ’ਤੇ ਟਿੱਕ ਕਰ ਸਕਦੇ ਹੋ। ਖ਼ਾਲੀ ਛੱਡੀ ਗਈ ਥਾਂ ’ਤੇ ਵਿਸਥਾਰ ਨਾਲ ਲਿੱਖਣਾ ਚਾਹੀਦਾ ਹੈ, ਕਿ ਤੁਹਾਡਾ ਮਕਾਨ-ਮਾਲਕ ਮੁਰੰਮਤ ਦੇ ਮਿਆਰ ਨੂੰ ਪੂਰਾ ਕਰਨ ਵਿੱਚ ਕਿਵੇਂ ਅਸਫ਼ਲ ਰਿਹਾ ਹੈ। ਜੇ ਜ਼ਰੂਰੀ ਹੋਵੇ ਤਾਂ ਤੁਸੀਂ ਵੇਰਵੇ ਨਾਲ ਇਹ ਬਿਆਨ ਕਰਨ ਵਾਸਤੇ ਇੱਕ ਹੋਰ ਕਾਗਜ਼ ਵੀ ਨਾਲ ਲਾ ਸਕਦੇ ਹੋ। ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਇਸ ਕਾਗਜ਼ ਦੇ ਉੱਪਰ ਆਪਣਾ ਨਾਂਅ ਅਤੇ ਪਤਾ ਲਿਖੋ, ਤਾਂ ਜੋ ਸਾਫ਼ ਪਤਾ ਲਗ ਸਕੇ ਕਿ ਇਹ ਤੁਹਾਡੀ ਅਰਜ਼ੀ ਦਾ ਹਿੱਸਾ ਹੈ।

## 5. ਲੋੜੀਂਦੇ ਕੰਮ ਦੀ ਕਿਸਮ

ਸੈਕਸ਼ਨ 5 ਵਿੱਚ ਕਿਰਪਾ ਕਰਕੇ ਸਾਨੂੰ ਦੱਸੋ ਕਿ ਤੁਹਾਡੇ ਵਿਚਾਰ ਵਿੱਚ ਮਕਾਨ ਵਿੱਚ ਮੁਰੰਮਤ ਦੇ ਮਿਆਰ ਮੁਤਾਬਕ ਕੀ ਕੰਮ ਕਰਨ ਦੀ ਜ਼ਰੂਰਤ ਹੈ, ਜਿੱਥੋਂ ਤਕ ਹੋ ਸਕੇ ਵੱਧ ਤੋਂ ਵੱਧ ਵੇਰਵੇ ਦਿਉ। ਕਿਰਪਾ ਕਰਕੇ ਵਿਸਥਾਰ ਨਾਲ ਦੱਸੋ ਕਿ ਸਮੱਸਿਆ ਕੀ ਹੈ ਅਤੇ ਇਸਦਾ ਤੁਹਾਡੇ ਰਹਿਣ ਦੇ ਹਾਲਾਤ ’ਤੇ ਕਿਵੇਂ ਅਸਰ ਪੈ ਰਿਹਾ ਹੈ। ਜੇ ਇਹ ਤੁਹਾਡੀ ਸਿਹਤ ਨੂੰ ਪ੍ਰਭਾਵਤ ਕਰ ਰਹੀ ਹੈ, ਤਾਂ ਕਿਰਪਾ ਕਰਕੇ ਉਸ ਬਾਰੇ ਵੀ ਦੱਸੋ, ਅਤੇ ਜੇ ਸੰਭਵ ਹੋਵੇ, ਤਾਂ ਨਾਲ ਸਬੂਤ ਵੀ ਦਿਉ, ਜਿਵੇਂ ਕਿ ਤੁਹਾਡੇ ਜੀ.ਪੀ. ਦਾ ਪੱਤਰ।

## 6. ਮਧਿਅਸਥਤਾ

ਪ੍ਰੈਜ਼ੀਡੈਂਟ ਨੂੰ ਇਹ ਅਖ਼ਤਿਆਰ ਹੈ ਕਿ ਜੇਕਰ ਇਸ “ਝਗੜੇ ਨੂੰ ਸੰਬੰਧਤ ਧਿਰਾਂ ਵਲੋਂ ਸੁਲਝਾ ਲਏ ਜਾਣ ਦੀ ਯੋਗ ਸੰਭਾਵਨਾ ਹੋਵੇ” ਤਾਂ ਉਹ ਇਸ ਕੇਸ ਨੂੰ ਇੱਕ **prhc** (ਇੱਕ ਕਮੇਟੀ) ਨੂੰ ਸੌਂਪਣ ਵਿੱਚ ਢਿਲ ਪਾ ਦੇਵੇ। ਅਜਿਹਾ ਕਰਨਾ ਤਾਂ ਹੀ ਉਚਿਤ ਹੋ ਸਕਦਾ ਹੈ ਜੇਕਰ, ਮਿਸਾਲ ਵਜੋਂ, ਇਹ ਜਾਪੇ ਕਿ ਸੰਬੰਧਤ ਧਿਰਾਂ ਵਿੱਚਕਾਰ ਮਹਿਜ਼ ਇੱਕ ਗ਼ਲਤਫ਼ਹਿਮੀ ਹੈ, ਜਿਸਦਾ ਨਿਪਟਾਰਾ ਹੋ ਸਕਦਾ ਹੈ।

**prhp** ਵੀ ਮਧਿਅਸਥਤਾ ਦਾ ਵਿਕਲਪ ਪੇਸ਼ ਕਰ ਸਕਦੀ ਹੈ। ਮਧਿਅਸਥਤਾ ਝਗੜਿਆਂ ਨੂੰ ਗ਼ੈਰ-ਰਸਮੀ ਤੌਰ ’ਤੇ ਹੱਲ ਕਰਨ ਦਾ ਇੱਕ ਤਰੀਕਾ ਹੈ, ਜਿਸ ਵਿੱਚ ਸੰਬੰਧਤ ਧਿਰਾਂ ਨੂੰ ਇੱਕ ਟਰੇਨਿੰਗ-ਪ੍ਰਾਪਤ ਮਧਿਅਸਥ ਦੀ ਮਦਦ ਨਾਲ ਇੱਕ ਅਜਿਹੇ ਸਮਝੌਤੇ ’ਤੇ ਪਹੁੰਚਣ ਦਾ ਮੌਕਾ ਦਿੱਤਾ ਜਾਂਦਾ ਹੈ, ਜੋ ਦੋਹਾਂ ਧਿਰਾਂ ਲਈ ਢੁਕਵਾਂ ਹੋਵੇ। ਮਧਿਅਸਥਤਾ ਮਾਮਲੇ ਨੂੰ ਵਿਹਾਰਕ, ਗੁਪਤ ਤਰੀਕੇ ਨਾਲ ਛੇਤੀ ਅਤੇ ਮੁਫ਼ਤ ਨਿਪਟਾਉਣ ਦਾ ਇੱਕ ਰਾਹ ਹੈ। ਕਈ ਲੋਕਾਂ ਨੂੰ ਝਗੜੇ ਨਬੇੜਨ ਲਈ ਮਧਿਅਸਥਤਾ, ਸੁਣਵਾਈ ਦੇ ਢੰਗ ਦੇ ਮੁਕਾਬਲੇ ਇੱਕ ਘੱਟ ਤਣਾਅ ਵਾਲਾ ਤਰੀਕਾ ਲਗਦਾ ਹੈ। ਕਿਰਪਾ ਕਰਕੇ ਮਧਿਅਸਥਤਾ ਬਾਰੇ **prhp** ਗਾਈਡ ਪੜ੍ਹਨ ’ਤੇ ਵਕਤ ਲਾਉ, ਜਿਸ ਵਿੱਚ ਕਿ ਇਸ ਪ੍ਰਕਿਰਿਆ ਨੂੰ ਵਧੇਰੇ ਵਿਸਥਾਰ ਨਾਲ ਬਿਆਨ ਕੀਤਾ ਗਿਆ ਹੈ। ਜੇ ਤੁਸੀਂ ਇਸ ਗੱਲ ਦਾ ਸੰਕੇਤ ਦਿੰਦੇ ਹੋ ਕਿ ਤੁਸੀਂ ਮਧਿਅਸਥਤਾ ਚਾਹੁੰਦੇ ਹੋ, ਤਾਂ ਅਸੀਂ ਤੁਹਾਡੇ ਮਕਾਨ-ਮਾਲਕ ਨਾਲ ਸੰਪਰਕ ਕਰਕੇ ਪੁੱਛਾਂਗੇ ਕਿ ਕੀ ਉਹ ਇਹਦੇ ਲਈ ਸਹਿਮਤ ਹੈ। ਮਧਿਅਸਥਤਾ ਕੇਵਲ ਤਾਂ ਹੀ ਹੋ ਸਕਦੀ ਹੈ, ਜੇਕਰ ਦੋਵੇਂ ਧਿਰਾਂ ਇਹਦੇ ਲਈ ਰਾਜ਼ੀ ਹੋਣ।

ਜੇ ਮਧਿਅਸਥਤਾ ਦੁਆਰਾ ਝਗੜਾ ਹੱਲ ਨਹੀਂ ਹੁੰਦਾ, ਤਾਂ ਅਰਜ਼ੀ ਇੱਕ ਕਮੇਟੀ ਨੂੰ ਭੇਜ ਦਿੱਤੀ ਜਾਵੇਗੀ, ਜਿਵੇਂ ਕਿ ਮਧਿਅਸਥਤਾ ਹੋਈ ਹੀ ਨਾ ਹੋਵੇ।

## 7. ਦਸਤਖ਼ਤ

ਕਿਰਪਾ ਕਰਕੇ ਇਹ ਫ਼ਾਰਮ ਦਿੱਤੀਆਂ ਗਈਆਂ ਹਿਦਾਇਤਾਂ ਮੁਤਾਬਕ ਭਰੋ, ਅਤੇ ਸੈਕਸ਼ਨ 4 ਵਿੱਚ ਦੱਸੇ ਗਏ ਦਸਤਾਵੇਜ਼ ਇਸ ਨਾਲ ਨੱਥੀ ਕਰਨਾ ਯਾਦ ਰਖੋ। ਬਾਕਸਾਂ ’ਤੇ ਟਿੱਕ ਕਰਕੇ ਇਹ ਸੰਕੇਤ ਦਿਉ ਕਿ ਤੁਸੀਂ ਇਹ ਜਾਣਕਾਰੀ, ਅਰਜ਼ੀ ਦੇ ਨਾਲ ਦਿੱਤੀ ਹੈ।